
# ਈਸ਼ਵਰ ਚੰਦਰ ਨੰਦਾ ਦਾ ਸ਼ਾਹਕਾਰ 'ਬੇਬੇ ਰਾਮ ਭਜਨੀ'



## ਮੇਰੀ ਨਾਟਕ ਫੇਰੀ

ਗੁਰਸ਼ਰਨ ਸਿੰਘ

ਚੁਸਤ ਮੁਹਾਵਰੇਦਾਰ ਵਾਰਤਾਲਾਪ ਅਤੇ ਵਿਅੰਗ ਨੰਦਾ ਦੀ ਨਾਟਕ-ਕਲਾ ਦੀ ਵਿਸ਼ੇਸ਼ ਪ੍ਰਾਪਤੀ ਹੈ ਅਤੇ ਇਸ ਨਾਟਕ-ਕਲਾ ਦਾ ਸਿਖਰ ਹੈ, ਨੰਦਾ ਦਾ ਇਕਾਂਗੀ 'ਬੇਬੇ ਰਾਮ ਭਜਨੀ'। 1966 ਵਿਚ ਉਨ੍ਹਾਂ ਦੇ ਦਿਹਾਂਤ ਬਾਅਦ ਅਸੀਂ ਅੰਮ੍ਰਿਤਸਰ ਨਾਟਕ-ਕਲਾ ਵਲੋਂ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਇਕ ਨਾਟਕ ਸਮਾਗਮ ਵਿਚ ਇਹ ਨਾਟਕ ਖੇਡਿਆ। ਇਹ ਨਾਟਕ 1914 ਵਿਚ ਲਿਖਿਆ ਗਿਆ ਹੈ। ਨੰਦਾ ਦੀ ਨਾਟਕ-ਖੇਤਰ ਵਿਚ ਆਮਦ ਨੋਰਾ ਰਿਚਰਡ ਕਰ ਕੇ ਹੈ ਅਤੇ 'ਬੇਬੇ ਰਾਮ ਭਜਨੀ' ਉਨ੍ਹਾਂ ਵਲੋਂ ਕਰਵਾਏ ਗਏ ਇਕ ਨਾਟਕ ਮੁਕਾਬਲੇ ਦੀ ਦੇਣ ਹੈ।

1912 ਵਿਚ ਮਿਸਜ਼ ਨੋਰਾ ਨੇ ਭਾਰਤੀ ਨਾਟਕ ਕਲਾ ਨੂੰ ਉਤੇਜਨਾ ਦੇਣ ਲਈ ਕਾਲਜ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਾਤ-ਭਾਸ਼ਾ ਵਿਚ ਨਾਟਕ ਲਿਖਣ ਲਈ ਪ੍ਰੇਰਿਆ। ਉਸੇ ਸਾਲ ਉਸ ਨੇ ਨਾਟਕ ਮੁਕਾਬਲੇ ਦਾ ਐਲਾਨ ਕੀਤਾ। ਪਹਿਲੇ ਸਾਲ ਦੇ ਮੁਕਾਬਲੇ ਵਿਚ ਸ਼ਾਂਤੀ ਸਰੂਪ ਭਟਨਾਗਰ ਦਾ ਉਰਦੂ ਨਾਟਕ 'ਕਰਾਮਾਤ' ਅੱਵਲ ਰਿਹਾ ਸੀ। ਸ਼ਾਂਤੀ ਸਰੂਪ ਭਟਨਾਗਰ ਦਾ ਨਾਂ ਬਾਅਦ ਵਿਚ ਭਾਰਤ ਦੇ ਚੋਟੀ ਦੇ ਸਾਇੰਸਦਾਨਾਂ ਵਿਚ ਗਿਣਿਆ ਜਾਂਦਾ ਹੈ। 1913 ਦੇ ਨਾਟਕ ਮੁਕਾਬਲੇ ਵਿਚ ਨੰਦਾ ਦਾ ਇਕਾਂਗੀ 'ਦੁਲਹਨ' ਪਹਿਲੇ ਦਰਜੇ 'ਤੇ ਰਿਹਾ। 1914 ਦੇ ਨਾਟਕ ਮੁਕਾਬਲੇ ਵਿਚ ਨੰਦਾ ਦਾ ਦੂਜਾ ਨਾਟਕ 'ਬੇਬੇ ਰਾਮ ਭਜਨੀ', ਦੂਜੇ ਦਰਜੇ 'ਤੇ ਰਿਹਾ। ਅੱਵਲ ਰਹਿਣ ਵਾਲਾ ਨਾਟਕ 'ਦੀਨੇ ਦੀ ਬ੍ਰਾਤ' ਵੀ ਪੰਜਾਬੀ ਵਿਚ ਸੀ ਜੋ ਰਾਜਿੰਦਰ ਲਾਲ ਸਾਹਨੀ ਨੇ ਲਿਖਿਆ ਸੀ।

'ਬੇਬੇ ਰਾਮ ਭਜਨੀ' ਭਾਵੇਂ ਨੰਦਾ ਦੀ ਨਾਟਕ ਲੇਖਣੀ ਦੀ ਦੂਜੀ ਕ੍ਰਿਤ ਹੈ ਪਰ ਇਹ ਨਾਟਕ ਜਿਥੇ ਨੰਦਾ ਦੀ ਸਮਾਜਕ ਚੇਤਨਤਾ ਦੀ ਉਗਾਹੀ ਭਰਦਾ ਹੈ, ਉਥੇ ਇਸ ਨਾਟਕ ਦੇ ਪਲਾਟ ਦੀ ਘੜਤ, ਪਾਤਰ ਉਸਾਰੀ ਆਦਿਕ ਦੱਸਦੀ ਹੈ ਕਿ ਨੰਦਾ ਇਕਾਂਗੀ ਨਾਟਕ-ਕਲਾ ਦਾ ਪੂਰਾ ਉਸਤਾਦ ਹੈ। ਨੰਦਾ ਦੇ ਨਾਟਕਾਂ ਦਾ ਇਕ ਪ੍ਰਤੀਨਿਧ ਵਿਸ਼ਾ ਲੋਕਾਂ ਦੇ ਵਹਿਮਾਂ ਭਰਮਾਂ ਤੇ ਝੂਠੇ ਵਿਸ਼ਵਾਸਾਂ ਨੂੰ ਨੰਗਾ ਕਰਨਾ ਹੈ। 'ਬੇਬੇ ਰਾਮ ਭਜਨੀ' ਇਸ ਦਾ ਪ੍ਰਮਾਣ ਹੈ। ਇਸ ਨਾਟਕ ਵਿਚ ਉਹਨੇ ਬੜੇ ਵਿਅੰਗ ਨਾਲ ਸਦੀਆਂ ਤੋਂ ਦ੍ਰਿੜ੍ਹ ਹੋਏ ਦਾਨ-ਪੁੰਨ ਸਬੰਧੀ ਵਿਸ਼ਵਾਸਾਂ 'ਤੇ ਤਕੜੀ ਸੱਟ ਮਾਰੀ ਹੈ।

ਬੇਬੇ ਰਾਮ ਭਜਨੀ ਦਾ ਪੂਰਨ ਵਿਸ਼ਵਾਸ ਹੈ ਕਿ ਉਹ ਆਪਣਾ ਘਰ-ਬਾਰ ਦਾਨ-ਪੁੰਨ ਕਰ ਕੇ ਸਵਰਗ ਦੀ ਭਾਗੀ ਹੋ ਜਾਏਗੀ ਪਰ ਉਹਦਾ ਮੋਹ ਭਰਮ ਟੁੱਟ ਜਾਂਦਾ ਹੈ, ਜਦੋਂ ਉਸ ਨੂੰ ਪਤਾ ਲਗਦਾ ਹੈ ਕਿ ਉਸ ਦਾ ਦਿੱਤਾ ਪੁੰਨ-ਦਾਨ ਵੀ ਉਸੇ ਰਾਹ ਜਾ ਰਿਹਾ ਹੈ ਜਿਸ ਪਾਸੇ ਕਿ ਉਹਦਾ ਸ਼ਰਾਬੀ ਪਤੀ ਉਜਾੜ ਰਿਹਾ ਹੈ। ਪਾਂਧੇ ਦੇ ਪੁੱਤ ਨੂੰ ਆਪਣੇ ਪਤੀ ਨਾਲ ਜੂਆ ਖੇਡਦਾ ਦੇਖ ਕੇ ਉਹਦੇ ਸਿਦਕੀ ਮਨ ਵਿਚ ਸਖਤ ਨਿਰਾਸਤਾ ਪੈਦਾ ਹੁੰਦੀ ਹੈ। ਉਸ ਨੂੰ ਪੁੰਨ-ਦਾਨ ਸਭ ਝੂਠ, ਫਰੇਬ, ਪਾਖੰਡ ਮਾਲੂਮ ਹੁੰਦਾ ਹੈ।

ਨਾਟਕ ਦਾ ਸ਼ੁਰੂ ਹੈ, ਜਦੋਂ ਬੇਬੇ ਰਾਮ ਭਜਨੀ ਆਪਣੀ ਗੁਆਂਢਣ ਨੂੰ ਆਪਣੇ ਮਨ ਦੀ ਗੱਲ ਕਹਿੰਦੀ ਹੈ।

''ਮੈਂ ਅੱਜ ਤੋਂ ਦੁਨੀਆਂ ਛੱਡੀ। ਕੀ ਰੱਖਿਆ ਏ ਦੁਨੀਆਂ ਵਿਚ। ਜਿਹੜੇ ਚਾਰ ਦਿਹਾੜੇ ਹੋਰ ਰਹਿੰਦੇ ਨੇ, ਉਹ ਤੀਰਥਾਂ 'ਤੇ ਕੱਟਾਂਗੀ। ਜੋ ਕੁਝ ਮੇਰੇ ਕੋਲ ਏ, ਸਭ ਦਾਨ ਕਰ ਦੇਣਾ ਏ ਤੇ ਤੀਰਥ ਕਰ ਕੇ ਰਾਮ ਨਾਮ ਹੀ ਜਪਣਾ ਏ-।''

ਪਰ ਇਹ ਦਾਨ ਲੈਣ ਵਾਲੇ ਕੌਣ ਹਨ? ਇਹ ਹੱਟਾ-ਕੱਟਾ ਸਾਧੂ ਜੋ ਮੂੰਹ ਪਾੜ ਕੇ ਉਹਦੇ ਪਤੀ ਦਾ ਕੀਮਤੀ ਦੁਸ਼ਾਲਾ ਮੰਗ ਲੈਂਦਾ ਹੈ ਪਰ ਮੰਗਦਾ ਸਾਧ ਭਾਸ਼ਾ ਵਿਚ ਹੀ ਹੈ।

''ਮਾਈ ਹਮਨ ਕੋ ਲੋਭ ਨਹੀਂ ਹ, ਪਰ ਉਹ ਦੁਸ਼ਾਲਾ ਦੋ ਤੇ ਕਲਿਆਨ ਹੋ।''

ਨੰਦਾ ਨੇ ਕਮਾਲ ਤਰੀਕੇ ਨਾਲ ਸਾਧਾਂ ਦੀ ਭਾਸ਼ਾ ਵਰਤਦੇ ਹੋਏ ਉਨ੍ਹਾਂ ਦੀ ਮਾਈਆਂ ਨੂੰ ਪ੍ਰਭਾਵਤ ਕਰਨ ਦੀ ਸਾਧ ਕੱਪਟ ਦੀ ਜੁਗਤੀ ਦਰਸਾਈ ਹੈ। ਇਸ ਵਿਚ ਡੂੰਘਾ ਵਿਅੰਗ ਹੈ ਕਿ ਇਹ ਸਾਧ ਜੋ ਆਪ ਪੂਰੀ ਤਰ੍ਹਾਂ ਲੋਭ ਦੇ ਸ਼ਿਕਾਰ ਹਨ, ਉਹ ਸਾਧਾਰਨ ਵਿਅਕਤੀਆਂ ਨੂੰ ਮਾਇਆ ਦੇ ਲੋਭ ਤੋਂ ਮੁਕਤ ਹੋਣ ਲਈ ਪ੍ਰਚਾਰਦੇ ਹਨ। ਆਪਣੇ ਲੋਭ ਨੂੰ ਵੀ ਉਹ ਆਪਣੀ ਧਾਰਮਿਕਤਾ ਨਾਲ ਜੋੜ ਲੈਂਦੇ ਹਨ।

''ਭਗਤਨੀ ਸੰਖ ਮੇਂ ਛੇਕ ਪੈ ਗਿਆ ਹੈ। ਪੂਜਾ ਵੇਲੇ ਵਿਘਨ ਪਾਤਾ ਹੈ। ਪੂਰਾ ਵਾਜਾ ਨਹੀਂ ਹੋਤਾ। ਛੇਕ ਪੂਰਨੇ ਕੋ ਏਕ ਤੋਲਾ ਸ਼ੁੱਧ ਕੁੰਦਨ ਲੋੜੀਂਦਾ ਹੈ।''

ਪੂਜਾ ਦੇ ਵਿਘਨ ਦੀ ਗੱਲ ਸੁਣ ਕੇ ਹੁਣ ਭਗਤਨੀ ਜਾਏਗੀ ਕਿੱਥੇ? ਉਹਨੂੰ ਤੋਲਾ ਸੋਨਾ ਪੂਰਾ ਕਰਨ ਲਈ ਆਪਣੀਆਂ ਵਾਲੀਆਂ ਦਾਨ ਦੇਣੀਆਂ ਪੈਣਗੀਆਂ।

ਬੇਬੇ ਰਾਮ ਭਜਨੀ ਪਾਂਧੇ ਨੂੰ ਸੰਕਲਪ ਲਈ 'ਬੁਲਾਉਂਦੀ ਹੈ। ਪਾਂਧੇ ਨੂੰ ਇਹੋ ਜਿਹਾ ਸ਼ਿਕਾਰ ਕਿੱਥੋਂ ਲੱਭੇਗਾ? ਪਰ ਉਹ ਪ੍ਰਭਾਵ ਇਸੇ ਤਰ੍ਹਾਂ ਦਿੰਦਾ ਹੈ ਕਿ ਉਹ ਦਾਨ ਲੈ ਕੇ ਮਾਈ ਉਤੇ ਬੜਾ ਅਹਿਸਾਨ ਕਰ ਰਿਹਾ ਹੈ।

''ਭਗਤਨੀ, ਹੁਣ ਸੰਕਲਪ ਵਲੋਂ ਜਲਦੀ ਦੱਸੋ। ਮੈਂ ਜਾਣਾ ਹੈ, ਵਕੀਲ ਦੇ ਲੜਕਾ ਹੋਇਆ ਏ ਤੇ ਉਨ੍ਹਾਂ ਨੇ ਟੇਵਾ ਲਗਵਾਉਣ ਲਈ ਸੱਦਿਆ ਏ... ਤੇਰੀ ਭਗਤਨੀ ਦੀ ਗੱਲ ਅਸੀਂ ਨਹੀਂ ਮੋੜ ਸਕਦੇ। ਸੋਨ-ਰੁਪਾ, ਗੋਟਾ ਕਨਾਰੀ, ਧਨ ਦੌਲਤ ਤੋਂ ਤੇਰਾ ਮਨ ਉਚਾਟ ਹੋ ਗਿਆ ਹੈ, ਕਿਉਂਕਿ ਤੇਰਾ ਇਕੋ ਇਕ ਜੀ ਜਿਹਾ ਖੇਡਣ ਤੁਰ ਗਿਆ ਏ, ਇਹ ਸੰਸਾਰ ਤੇਰੇ ਮਨੋਂ ਉਤਰ ਗਿਆ ਏ। ਅਸੀਂ ਤੇਰਾ ਭਗਤਨੀ ਦੇ ਮਨ ਦਾ ਭਾਰ ਹਲਕਾ ਕਰਨ ਲਈ ਆ ਗਏ ਹਾਂ, ਭਾਵੇਂ ਵਕੀਲ ਹੋਰਾਂ ਨੇ ਬੰਦਾ ਵੀ ਭੇਜਿਆ ਹੈ ਤੇ ਸਵਾਰੀ ਵੀ। ਅਸੀਂ ਕਹਿ ਦਿੱਤਾ ਕਿ ਅਸੀਂ ਪਹਿਲੇ ਭਗਤਨੀ ਦੀ ਇੱਛਾ ਪੂਰੀ ਕਰਾਂਗੇ ਕਿਉਂਕਿ ਉਹਦੀ ਇੱਛਾ ਰਾਮ ਦੀ ਇੱਛਾ ਏ। ਸੋ ਭਗਤਨੀ ਜੋ ਕੁਝ ਕਰਨਾ ਏ ਜਲਦੀ ਕਰ।''

ਰਾਮ ਭਜਨੀ ਦਾ ਪਤੀ ਸ਼ਾਮ ਲਾਲ ਆਉਂਦਾ ਹੈ। ਉਹਦੇ ਨਾਲ ਉਹਦੇ ਜੁਆਰੀ ਦੋਸਤ ਹਨ। ਉਨ੍ਹਾਂ ਵਿਚੋਂ ਇਕ ਪਾਂਧੇ ਦਾ ਪੁੱਤਰ ਹੈ। ਸ਼ਾਮ ਲਾਲ ਜੂਏ ਵਿਚ ਹਾਰ ਜਾਂਦਾ ਹੈ। ਉਹ ਰਾਮ ਭਜਨੀ ਨੂੰ ਵਾਲੀਆਂ ਦੇਣ ਲਈ ਕਹਿੰਦਾ ਹੈ ਪਰ ਉਹ ਤਾਂ ਵਾਲੀਆਂ ਪਹਿਲਾਂ ਹੀ ਜੂਆ ਜਿੱਤਣ ਵਾਲੇ ਦੇ ਪਿਓ ਪਾਂਧੇ ਕੋਲ ਪੁੱਜ ਗਈਆਂ ਹਨ। ਕਮਾਲ ਦਾ ਵਿਅੰਗ ਨਾਟਕੀ ਸਥਿਤੀ ਵਿਚੋਂ ਉਭਰਦਾ ਹੈ।

''ਹਾਏ ਹਨੇਰ ਸਾਈਂ ਦਾ, ਘੋਰ ਕਲਜੁੱਗ ਆ ਗਿਆ। ਪਿਓ ਪ੍ਰੋਹਿਤ ਤੇ ਪੁੱਤਰ ਸ਼ਰਾਬੀ। ਪਿਓ ਦਾਨ ਸਾਂਭੇ ਤੇ ਪੁੱਤ ਜੂਆ ਖੇਡੇ। ਇਹ ਦਾਨ ਵੀ ਧੋਖਾ, ਫਰੇਬ, ਪਾਖੰਡ। ਦੁਨੀਆਂ ਗਰਕ ਹੋਣ 'ਤੇ ਆ ਗਈ ਹੈ, ਜਿਧਰ ਵੇਖੋ ਹਨੇਰ ਹੀ ਹਨੇਰ ਹੈ- ਹੇ ਰਾਮ ਮੈਂ ਕਿੱਧਰ ਜਾਵਾਂ-।''

ਨਾਟਕ ਆਪਣੇ ਆਪ ਵਿਚ ਬਹੁਤ ਉਤਮ ਕਲਾ ਦਾ ਨਮੂਨਾ ਹੈ ਪਰ ਸਾਡੇ ਕਲਾਕਾਰਾਂ ਵਿਚੋਂ ਰਾਜ ਕੁਮਾਰ ਨੇ ਸ਼ਾਮ ਲਾਲ ਦੇ ਰੂਪ ਵਿਚ ਅਤੇ ਉਰਮਲਾ ਨੇ ਬੇਬੇ ਰਾਮ ਭਜਨੀ ਦੇ ਰੂਪ ਵਿਚ ਨੰਦਾ ਦੀ ਇਸ ਕ੍ਰਿਤ ਨਾਲ ਪੂਰਾ ਇਨਸਾਫ ਕੀਤਾ ਤੇ ਇਸ ਨੂੰ ਇਕ ਯਾਦਗਾਰੀ ਪੇਸ਼ਕਸ਼ ਬਣਾਉਣ ਲਈ ਸਫਲਤਾ ਪਾਈ ਹੈ।



ਗੁਰਸ਼ਰਨ ਸਿੰਘ ਭਾਈ ਮੰਨਾ ਸਿੰਘ ਦੀ ਭੂਮਿਕਾ ਵਿਚ